# ਪੀੜਤ ’ਤੇ ਅਸਰ ਦਾ ਬਿਆਨ (ਸਟੇਟਮੈਂਟ)

**ਕੇਸ ਦੀ ਪਛਾਣ**

ਰਿਜਾਇਨਾ ਬਨਾਮ ______________________________
(ਕਥਿਤ ਦੋਸ਼ੀ ਦਾ ਨਾਂ)

ਕੋਰਟ ਫਾਇਲ ਨੰਬਰ: ______________________________

ਪੀੜਤ ______________________________
(ਪੀੜਤ ਦਾ ਨਾਂ)

ਕਰਾਊਨ ਦੇ ਦਫਤਰ ਦਾ ਸਥਾਨ: ______________________________

---

ਇਹ ਫਾਰਮ ਕਿਸੇ ਜੁਰਮ ਦੇ ਨਤੀਜੇ ਵਜੋਂ ਤੁਹਾਨੂੰ ਹੋਏ ਸਰੀਰਕ ਜਾਂ ਜਜ਼ਬਾਤੀ ਨੁਕਸਾਨ, ਪ੍ਰਾਪਰਟੀ ਦੇ ਨੁਕਸਾਨ ਜਾਂ ਆਰਥਿਕ ਘਾਟੇ ਦਾ ਵਰਣਨ ਕਰਨ ਲਈ ਅਤੇ ਇਸ ਦੇ ਨਾਲ ਨਾਲ ਤੁਹਾਡੇ ’ਤੇ ਜੁਰਮ ਦੇ ਪਏ ਅਸਰ ਦਾ ਵਰਣਨ ਕਰਨ ਲਈ ਵਰਤਿਆ ਜਾ ਸਕਦਾ ਹੈ। ਜੇ ਤੁਹਾਨੂੰ ਹੋਰ ਥਾਂ ਦੀ ਲੋੜ ਹੋਵੇ ਤਾਂ ਤੁਸੀਂ ਵਾਧੂ ਸਫੇ ਨਾਲ ਲਗਾ ਸਕਦੇ ਹੋ।

ਜ਼ਰੂਰੀ ਹੈ ਕਿ ਤੁਹਾਡੇ ਬਿਆਨ ਵਿਚ ਇਹ ਚੀਜ਼ਾਂ ਸ਼ਾਮਲ ਨਾ ਹੋਣ:

- ਜੁਰਮ ਜਾਂ ਜੁਰਮ ਕਰਨ ਵਾਲੇ ਬਾਰੇ ਕੋਈ ਵੀ ਅਜਿਹਾ ਬਿਆਨ ਜਿਹੜਾ ਤੁਹਾਨੂੰ ਹੋਏ ਨੁਕਸਾਨ ਜਾਂ ਪਏ ਘਾਟੇ ਨਾਲ ਸੰਬੰਧਿਤ ਨਹੀਂ ਹੈ;
- ਕੋਈ ਵੀ ਸਾਬਤ ਨਾ ਹੋਏ ਇਲਜ਼ਾਮ;
- ਕਿਸੇ ਵੀ ਉਸ ਜੁਰਮ ਬਾਰੇ ਟਿੱਪਣੀਆਂ ਜਿਸ ਲਈ ਜੁਰਮ ਕਰਨ ਵਾਲੇ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ ਸੀ;
- ਜੁਰਮ ਕਰਨ ਵਾਲੇ ਤੋਂ ਇਲਾਵਾ, ਕਿਸੇ ਵੀ ਹੋਰ ਵਿਅਕਤੀ ਬਾਰੇ ਸ਼ਿਕਾਇਤ, ਜਿਹੜਾ ਪੜਤਾਲ ਵਿਚ ਜਾਂ ਜੁਰਮ ਦੇ ਮੁਕੱਦਮੇ ਵਿਚ ਸ਼ਾਮਲ ਸੀ; ਜਾਂ
- ਅਦਾਲਤ ਦੀ ਮਨਜ਼ੂਰੀ ਤੋਂ ਬਿਨਾਂ, ਸਜ਼ਾ ਬਾਰੇ ਕੋਈ ਰਾਇ ਜਾਂ ਸਿਫਾਰਸ਼।

ਤੁਸੀਂ ਜੁਰਮ ਦੇ ਉਸ ਅਸਰ ਦਾ ਵਿਸਥਾਰ ਵਿਚ ਵੇਰਵਾ ਦੇ ਸਕਦੇ ਹੋ ਜਿਹੜਾ ਇਸ ਨੇ ਤੁਹਾਡੀ ਜ਼ਿੰਦਗੀ ’ਤੇ ਪਾਇਆ ਹੈ। ਅਗਲੇ ਭਾਗਾਂ ਵਿਚ ਉਸ ਜਾਣਕਾਰੀ ਦੀਆਂ ਉਦਾਹਰਣਾਂ ਹਨ ਜਿਹੜੀ ਤੁਸੀਂ ਆਪਣੇ ਬਿਆਨ ਵਿਚ ਸ਼ਾਮਲ ਕਰਨਾ ਚਾਹੁੰਦੇ ਹੋ ਸਕਦੇ ਹੋ। ਤੁਹਾਨੂੰ ਇਹ ਸਾਰੀ ਜਾਣਕਾਰੀ ਸ਼ਾਮਲ ਕਰਨ ਦੀ ਲੋੜ ਨਹੀਂ ਹੈ।

**ਜਜ਼ਬਾਤੀ ਅਸਰ**

ਇਹ ਵਰਣਨ ਕਰੋ ਕਿ ਜੁਰਮ ਨੇ ਤੁਹਾਡੇ ’ਤੇ ਜਜ਼ਬਾਤੀ ਤੌਰ ’ਤੇ ਕਿਵੇਂ ਅਸਰ ਪਾਇਆ ਹੈ। ਉਦਾਹਰਣ ਲਈ, ਇਹ ਸੋਚੋ

- ਤੁਹਾਡੀ ਰਹਿਣੀ-ਬਹਿਣੀ ਅਤੇ ਸਰਗਰਮੀਆਂ;
- ਤੁਹਾਡੇ ਹੋਰਨਾਂ ਨਾਲ ਸੰਬੰਧ ਜਿਵੇਂ ਕਿ ਤੁਹਾਡੀ ਪਤਨੀ/ਪਤੀ, ਪਰਿਵਾਰ ਅਤੇ ਦੋਸਤ;
- ਤੁਹਾਡੀ ਕੰਮ ਕਰਨ, ਸਕੂਲ ਜਾਣ ਜਾਂ ਪੜ੍ਹਾਈ ਕਰਨ ਦੀ ਸਮਰੱਥਾ; ਅਤੇ
- ਤੁਹਾਡੀਆਂ ਜੁਰਮ ਨਾਲ ਸੰਬੰਧਿਤ ਭਾਵਨਾਵਾਂ, ਜਜ਼ਬਾਤ ਅਤੇ ਪ੍ਰਤਿਕਰਮ।

______________________________________________________________________

______________________________________________________________________

______________________________________________________________________

______________________________________________________________________

# ਪੀੜਤ ’ਤੇ ਅਸਰ ਦਾ ਬਿਆਨ (ਸਟੇਟਮੈਂਟ)

**ਸਰੀਰਕ ਅਸਰ**

ਇਹ ਵਰਣਨ ਕਰੋ ਕਿ ਜੁਰਮ ਨੇ ਤੁਹਾਡੇ ’ਤੇ ਸਰੀਰਕ ਤੌਰ ’ਤੇ ਕਿਵੇਂ ਅਸਰ ਪਾਇਆ ਹੈ। ਉਦਾਹਰਣ ਲਈ, ਇਹ ਸੋਚੋ

- ਜਾਰੀ ਰਹਿਣ ਵਾਲੀ ਸਰੀਰਕ ਦਰਦ, ਬੇਆਰਾਮੀ, ਬੀਮਾਰੀ, ਦਾਗ, ਕਰੂਪਤਾ ਜਾਂ ਸਰੀਰਕ ਸੀਮਾਵਾਂ;
- ਜੁਰਮ ਕਰਕੇ ਤੁਹਾਨੂੰ ਹਸਪਤਾਲ ਵਿਚ ਰਹਿਣਾ ਪਿਆ ਜਾਂ ਸਰਜਰੀ;
- ਇਲਾਜ, ਫਿਜ਼ੀਓਥੈਰੇਪੀ ਜਾਂ ਦਵਾਈਆਂ ਜਿਹੜੀਆਂ ਤੁਹਾਨੂੰ ਦਿੱਤੀਆਂ ਗਈਆਂ;
- ਹੋਰ ਇਲਾਜ ਦੀ ਲੋੜ ਜਾਂ ਇਹ ਸੰਭਾਵਨਾ ਕਿ ਤੁਹਾਨੂੰ ਹੋਰ ਇਲਾਜ ਕਰਵਾਉਣਾ ਪਵੇਗਾ; ਅਤੇ
- ਕੋਈ ਪੱਕੀ ਜਾਂ ਲੰਬੇ ਸਮੇਂ ਦੀ ਅਪਾਹਜਤਾ।

---
---
---
---

**ਆਰਥਿਕ ਅਸਰ**

ਇਹ ਵਰਣਨ ਕਰੋ ਕਿ ਜੁਰਮ ਨੇ ਤੁਹਾਡੇ ’ਤੇ ਮਾਇਕ ਤੌਰ ’ਤੇ ਕਿਵੇਂ ਅਸਰ ਪਾਇਆ ਹੈ। ਉਦਾਹਰਣ ਲਈ, ਇਹ ਸੋਚੋ

- ਗੁਆਚੀ ਜਾਂ ਨੁਕਸਾਨੀ ਗਈ ਕਿਸੇ ਪ੍ਰਾਪਰਟੀ ਦੀ ਕੀਮਤ ਅਤੇ ਮੁਰੰਮਤਾਂ ਕਰਨ ਜਾਂ ਬਦਲੀਆਂ ਕਰਨ ਦੇ ਖਰਚੇ;
- ਕੰਮ ਤੋਂ ਖੁੰਝੇ ਸਮੇਂ ਕਰਕੇ ਕੋਈ ਮਾਇਕ ਨੁਕਸਾਨ;
- ਕੋਈ ਮੈਡੀਕਲ ਖਰਚੇ, ਥੈਰੇਪੀ ਜਾਂ ਕੌਂਸਲਿੰਗ ਦੇ ਖਰਚੇ; ਅਤੇ
- ਕੋਈ ਵੀ ਉਹ ਖਰਚੇ ਜਾਂ ਨੁਕਸਾਨ ਜਿਹੜੇ ਇਨਸ਼ੋਰੈਂਸ ਵਲੋਂ ਕਵਰ ਨਹੀਂ ਕੀਤੇ ਗਏ।

**ਕਿਰਪਾ ਕਰਕੇ ਨੋਟ ਕਰੋ ਕਿ ਇਹ ਮੁਆਵਜ਼ੇ ਜਾਂ ਹਰਜਾਨੇ ਲਈ ਅਰਜ਼ੀ ਨਹੀਂ ਹੈ।**

---
---
---
---

**ਸੁਰੱਖਿਆ ਲਈ ਡਰ**

ਕਿਸੇ ਵੀ ਤਰ੍ਹਾਂ ਦੇ ਉਨ੍ਹਾਂ ਡਰਾਂ ਦਾ ਵਰਣਨ ਕਰੋ ਜਿਹੜੇ ਤੁਹਾਨੂੰ ਆਪਣੀ ਸੁਰੱਖਿਆ ਜਾਂ ਆਪਣੇ ਪਰਿਵਾਰ ਅਤੇ ਦੋਸਤਾਂ ਦੀ ਸੁਰੱਖਿਆ ਬਾਰੇ ਹਨ। ਉਦਾਹਰਣ ਲਈ, ਇਹ ਸੋਚੋ

- ਜੁਰਮ ਕਰਨ ਵਾਲੇ ਨਾਲ ਸੰਪਰਕ ਨਾਲ ਸੰਬੰਧਿਤ ਫਿਕਰ; ਅਤੇ
- ਜੁਰਮ ਕਰਨ ਵਾਲੇ ਅਤੇ ਤੁਹਾਡੇ ਪਰਿਵਾਰ ਦੇ ਮੈਂਬਰਾਂ ਜਾਂ ਨੇੜਲੇ ਦੋਸਤਾਂ ਵਿਚਕਾਰ ਸੰਪਰਕ ਨਾਲ ਸੰਬੰਧਿਤ ਫਿਕਰ।

---
---
---
---

BRITISH COLUMBIA | Ministry of Justice

# ਪੀੜਤ ’ਤੇ ਅਸਰ ਦਾ ਬਿਆਨ (ਸਟੇਟਮੈਂਟ)

**ਚਿੱਤਰ, ਕਵਿਤਾ ਜਾਂ ਚਿੱਠੀ**

ਤੁਸੀਂ ਇਸ ਥਾਂ ਦੀ ਵਰਤੋਂ ਕੋਈ ਤਸਵੀਰ ਬਣਾਉਣ ਜਾਂ ਕਵਿਤਾ ਜਾਂ ਚਿੱਠੀ ਲਿਖਣ ਲਈ ਕਰ ਸਕਦੇ ਹੋ ਜੇ ਇਹ ਉਸ ਅਸਰ ਨੂੰ ਪ੍ਰਗਟ ਕਰਨ ਵਿਚ ਤੁਹਾਡੀ ਮਦਦਗਾਰ ਹੋਵੇ ਜਿਹੜਾ ਜੁਰਮ ਨੇ ਤੁਹਾਡੇ ’ਤੇ ਪਾਇਆ ਹੈ।

☐ **ਮੈਂ ਆਪਣਾ ਬਿਆਨ ਅਦਾਲਤ ਵਿਚ ਪੇਸ਼ ਕਰਨਾ ਚਾਹਾਂਗਾ/ਚਾਹਾਂਗੀ।**

ਮੇਰੇ ਗਿਆਨ ਮੁਤਾਬਕ, ਇਸ ਬਿਆਨ ਵਿਚ ਦਿੱਤੀ ਗਈ ਜਾਣਕਾਰੀ ਸਹੀ ਹੈ।

ਤਾਰੀਕ ______________________________ 20____, ਦੇ ਦਿਨ ____________________ਵਿਖੇ

______________________________

ਬਿਆਨ ਦੇਣ ਵਾਲੇ ਦੇ ਦਸਖਤ

ਜੇ ਤੁਸੀਂ ਇਹ ਬਿਆਨ ਪੀੜਤ ਦੀ ਤਰਫੋਂ ਦਿੱਤਾ ਹੈ ਤਾਂ ਕਿਰਪਾ ਕਰਕੇ ਕਾਰਨ ਦੱਸੋ ਕਿ ਤੁਸੀਂ ਅਜਿਹਾ ਕਿਉਂ ਕੀਤਾ ਹੈ ਅਤੇ ਤੁਹਾਡਾ ਪੀੜਤ ਨਾਲ ਕਿਸ ਕਿਸਮ ਦਾ ਰਿਸ਼ਤਾ ਹੈ:

______________________________________________________________________

______________________________________________________________________

ਤਾਰੀਕ ______________________________ 20____, ਦੇ ਦਿਨ ____________________ਵਿਖੇ

______________________________

ਬਿਆਨ ਦੇਣ ਵਾਲੇ ਦੇ ਦਸਖਤ